ਤੁਹਾਡੀ ਕਯੂ.ਆਰ. 7 ਤਿਮਾਹੀ ਯੋਗਤਾ/ਸਥਿਤੀ ਰਿਪੋਰਟ ਭਰਨ ਦਾ ਤਰੀਕਾ

ਨਕਦ ਸਹਾਇਤਾ ਅਤੇ ਫੂਡ ਸਟੈਂਪਸ ਲਈ

- ਜੇਕਰ ਤੁਸੀਂ ਆਪਣੀ ਕਯੂ.ਆਰ. 7 (ਤਿਮਾਹੀ ਯੋਗਤਾ/ਸਥਿਤੀ ਰਿਪੋਰਟ) ਭਰਨ 'ਚ ਮਦਦ ਚਾਹੁੰਦੇ ਹੋ ਤਾਂ ਆਪਣੀ ਰਿਪੋਰਟ ਭਰਨ 'ਚ ਮਦਦ ਕਰਨ ਲਈ ਇਸ ਸੂਚਨਾ ਨੂੰ ਰੱਖਿਅਤ ਕਰੋ, ਆਪਣੇ ਕਾਰਜਕਰਤਾ ਨੂੰ ਦੱਸੋ।
- ਜੇਕਰ ਤੁਸੀਂ ਇਕ ਸੰਪੂਰਨ ਰਿਪੋਰਟ, ਜਿਸ 'ਚ, ਕਯੂ.ਆਰ. 7 ਬਾਰੇ ਸਭ ਸਵਾਲਾਂ ਦੇ ਜਵਾਬ ਦੇਣਾ ਅਤੇ ਸਾਡੇ ਵੱਲੋਂ ਪ੍ਰਮਾਣ ਮੰਗੇ ਜਾਣ 'ਤੇ ਉਹ ਨੱਥੀ ਕਰਨਾ, ਸ਼ਾਮਲ ਹੋਵੇ ਪਰ ਉਸ ਤਕ ਸੀਮਤ ਨਾ ਹੋਵੇ, ਨਹੀਂ ਭੇਜਦੇ, ਤਾਂ ਤੁਹਾਡੇ ਫਾਇਦਿਆਂ 'ਚ ਦੇਰੀ ਹੋ ਸਕਦੀ ਹੈ, ਉਨ੍ਹਾਂ 'ਚ ਬਦਲਾਵ ਕੀਤੇ ਜਾ ਸਕਦੇ ਹਨ, ਜਾਂ ਉਹ ਬੰਦ ਕੀਤੇ ਜਾ ਸਕਦੇ ਹਨ।

  ਜੇਕਰ ਲੋੜ ਹੋਵੇ ਤਾਂ ਵੱਖਰਾ ਪੰਨਾ ਨੱਥੀ ਕਰੋ।
- ਜਿਸ ਨਕਦ ਸਹਾਇਤਾ ਜਾਂ ਫੂਡ ਸਟੈਂਪਸ ਬਾਰੇ ਤੁਹਾਡੇ ਲਈ ਜਾਣਕਾਰੀ ਦੇਣਾ ਜ਼ਰੂਰੀ ਹੋਵੇ, ਉਨ੍ਹਾਂ ਲਈ ਤੁਹਾਡੀ ਯੋਗਤਾ ਨੂੰ ਪਰਭਾਵਤ ਕਰਨ ਵਾਲੇ ਬਦਲਾਵ 10 ਦਿਨਾਂ ਦੇ ਅੰਦਰ ਸੂਚਤ ਕੀਤੇ ਜਾਣੇ ਚਾਹੀਦੇ ਹਨ।
- ਤੁਹਾਡੇ ਦੁਆਰਾ ਸੂਚਤ ਕੀਤੇ ਗਏ ਤੱਥਾਂ ਦੇ ਨਤੀਜੇ ਵਜੋਂ ਤੁਹਾਡੇ ਫਾਇਦਿਆਂ 'ਚ ਵਾਧਾ, ਕਮੀ ਜਾਂ ਰੋਕ ਲਗਾਈ ਜਾ ਸਕਦੀ ਹੈ।

ਹਿਦਾਇਤਾਂ

ਤੁਹਾਨੂੰ ਕਿੰਨੀ ਛੇਤੀ-ਛੇਤੀ ਕਯੂ. ਆਰ. 7 ਭਰਨੀ ਪਵੇਗੀ

ਨਕਦ ਸਹਾਇਤਾ ਅਤੇ ਫੂਡ ਸਟੈਂਪਸ ਲਈ ਤੁਹਾਨੂੰ ਤਿਮਾਹੀ (ਹਰ ਤਿੰਨ ਮਹੀਨੇ ਬਾਅਦ) 'ਚ ਇਕ ਵਾਰ ਸੰਪੂਰਨ ਕਯੂ. ਆਰ. 7 ਭਰਨੀ ਪਵੇਗੀ। ਕਾਉਂਟੀ ਤੁਹਾਨੂੰ ਦੱਸੇਗੀ ਕਿ ਤੁਹਾਨੂੰ ਸੰਪੂਰਨ ਕਯੂ. ਆਰ. 7 ਭੇਜਣ ਦੀ ਲੋੜ ਕਦੋਂ ਹੋਵੇਗੀ।

ਆਪਣੇ ਘਰ 'ਚ ਰਹਿ ਰਹੇ ਲੋਕਾਂ ਲਈ ਰਿਪੋਰਟ ਦੇਣਾ

ਜੇਕਰ ਤੁਹਾਡੇ ਪਰਵਾਰ ਨੂੰ ਨਕਦ ਸਹਾਇਤਾ ਦੀ ਪ੍ਰਾਪਤੀ ਹੁੰਦੀ ਹੈ (ਫੂਡ ਸਟੈਂਪਸ ਦੀ ਨਹੀਂ), ਤਾਂ ਇਨ੍ਹਾਂ ਲਈ ਤੱਥਾਂ ਦੀ ਜਾਣਕਾਰੀ ਦਿਓ:

- ਸਭ ਬੱਚਿਆਂ - ਪਰਕਿਰਤਕ, ਗੋਦ ਲਏ ਅਤੇ ਸੌਤੇਲੇ ਬੱਚੇ - ਬਾਰੇ।
- ਸਭ ਮਾਂਪਿਆਂ -ਪਰਕਿਰਤਕ, ਗੋਦ ਲੈਣ ਵਾਲੇ ਅਤੇ ਸੌਤੇਲੇ ਮਾਂਪਿਓ- ਬਾਰੇ।
- ਬੱਚੇ ਦੇ ਮਦਦ ਪ੍ਰਾਪਤ ਕਰਨ ਵਾਲੇ ਦੂਜੇ ਸਬੰਧੀਆਂ ਬਾਰੇ।
- ਆਪਣੇ ਅਤੇ ਆਪਣੇ ਪਤੀ/ਪਤਨੀ ਜਾਂ ਪੰਜੀਕ੍ਰਿਤ ਘਰੇਲੂ ਸਾਥੀ ਬਾਰੇ।
- ਅਸਥਾਈ ਤੌਰ 'ਤੇ ਘਰ ਤੋਂ ਗੈਰ-ਹਾਜ਼ਰ ਕਿਸੇ ਵੀ ਵਿਅਕਤੀ ਬਾਰੇ।

ਜੇਕਰ ਤੁਹਾਡੇ ਪਰਵਾਰ ਨੂੰ ਨਕਦ ਸਹਾਇਤਾ ਅਤੇ ਫੂਡ ਸਟੈਂਪਸ ਦੀ ਪ੍ਰਾਪਤੀ ਹੁੰਦੀ ਹੈ ਤਾਂ ਇਨ੍ਹਾਂ ਲਈ ਵੀ ਤੱਥਾਂ ਦੀ ਜਾਣਕਾਰੀ ਦੇਣੀ ਪਵੇਗੀ:

- ਸਭ ਸਬੰਧਤ ਬਾਲਗਾਂ ਬਾਰੇ।
- ਤੁਹਾਡੇ ਨਾਲ ਮਿਲ ਕੇ ਭੋਜਨ ਖਰੀਦਣ ਅਤੇ ਪਕਾਉਣ ਵਾਲੇ ਦੂਜੇ ਲੋਕਾਂ ਬਾਰੇ।

ਜੇਕਰ ਤੁਹਾਡੇ ਪਰਵਾਰ ਨੂੰ ਸਿਰਫ ਫੂਡ ਸਟੈਂਪਸ ਦੀ ਪ੍ਰਾਪਤੀ ਹੁੰਦੀ ਹੈ, ਤਾਂ ਇਨ੍ਹਾਂ ਲਈ ਤੱਥਾਂ ਦੀ ਜਾਣਕਾਰੀ ਦੇਣੀ ਪਵੇਗੀ:

- ਸਭ ਬੱਚਿਆਂ ਬਾਰੇ।
- ਸਭ ਸਬੰਧਤ ਬਾਲਗਾਂ ਬਾਰੇ।
- ਤੁਹਾਡੇ ਨਾਲ ਮਿਲ ਕੇ ਭੋਜਨ ਖਰੀਦਣ ਅਤੇ ਪਕਾਉਣ ਵਾਲੇ ਦੂਜੇ ਲੋਕਾਂ ਬਾਰੇ।

ਫਾਇਦੇ ਬੰਦ ਕਰਨ ਲਈ ਬੇਨਤੀ

- ਜੇਕਰ ਤੁਸੀਂ ਆਪਣੀ ਨਕਦ ਸਹਾਇਤਾ ਰੋਕਣ ਲਈ ਕਹਿੰਦੇ ਹੋ, ਤਾਂ ਤੁਹਾਡੀ ਮੈਡੀ-ਕੈਲ ਵੀ ਰੋਕੀ ਜਾਂ ਬਦਲੀ ਜਾ ਸਕਦੀ ਹੈ। ਸ਼ਾਇਦ ਤੁਸੀਂ ਮੈਡੀ-ਕੈਲ ਲਈ ਯੋਗ ਨਾ ਹੋਵੋ ਜਾਂ ਤੁਹਾਨੂੰ ਉਸਦੇ ਮੁੱਲ ਦੇ ਇਕ ਹਿੱਸੇ ਦਾ ਭੁਗਤਾਨ ਕਰਨ ਦੀ ਲੋੜ ਹੋ ਸਕਦੀ ਹੈ।
- ਕਯੂ. ਆਰ. 7 'ਚ, ਫਾਇਦੇ ਬੰਦ ਕਰਨ ਲਈ ਬੇਨਤੀ ਭਾਗ ਨੂੰ ਸਿਰਫ ਤਾਂ ਹੀ ਭਰੋ ਜੇਕਰ ਤੁਸੀਂ ਆਪਣੇ ਕੋਈ ਫਾਇਦੇ ਬੰਦ ਕਰਵਾਉਣਾ ਚਾਹੁੰਦੇ ਹੋ। ਉਹ ਫਾਇਦੇ ਜਾਂਚੋ ਜੋ ਤੁਸੀਂ ਬੰਦ ਕਰਵਾਉਣਾ ਚਾਹੁੰਦੇ ਹੋ ਅਤੇ ਕਯੂ. ਆਰ. 7 'ਤੇ ਮਿਤੀ ਪਾਓ। ਜੇਕਰ ਤੁਸੀਂ ਆਪਣੇ ਸਿਰਫ ਕੁਝ ਫਾਇਦੇ ਹੀ ਬੰਦ ਕਰਵਾਉਣਾ ਚਾਹੁੰਦੇ ਹੋ ਅਤੇ ਦੂਜੇ ਫਾਇਦੇ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਤੁਹਾਨੂੰ ਕਯੂ. ਆਰ. 7 ਦੇ ਬਾਕੀ ਹਿੱਸੇ ਨੂੰ ਭਰਨਾ ਪਵੇਗਾ।
- ਆਪਣੇ ਕਾਰਜਕਰਤਾ ਨੂੰ ਕਾੱਲ ਕਰ ਕੇ ਵੀ ਤੁਸੀਂ ਆਪਣੇ ਫਾਇਦੇ ਬੰਦ ਕਰਨ ਲਈ ਬੇਨਤੀ ਕਰ ਸਕਦੇ ਹੋ।

ਤੁਹਾਡੇ ਦੁਆਰਾ ਹਰ ਸਵਾਲ ਲਈ ਸੂਚਤ ਕੀਤੇ ਜਾਣ ਵਾਲੇ ਜ਼ਰੂਰੀ ਤੱਥ

ਭਾਗ 1: ਸਵਾਲ 1 (1b ਤੋਂ ਇਲਾਵਾ) ਤੋਂ 4 ਇਸ ਬਾਰੇ ਹਨ ਕਿ ਰਿਪੋਰਟ ਦੇਣ ਦੇ ਮਹੀਨੇ 'ਚ ਕੀ ਹੋਇਆ ਸੀ।

ਸਵਾਲ ਸੰਖਿਆ:

① ਕਿਸੇ ਵੀ ਵਿਅਕਤੀ ਨੂੰ ਪ੍ਰਾਪਤ ਹੋਈ ਕੋਈ ਆਮਦਨੀ, ਯਾਤਰਾ ਭੱਤੇ ਜਾਂ ਕੋਈ ਹੋਰ ਰਕਮ। ਜਿਵੇਂ ਮਿਹਨਤਾਨਾ, ਛੁੱਟੀਆਂ ਦੇ ਦੌਰਾਨ ਭੁਗਤਾਨ, ਨਕਦ ਬੋਨਸ, ਇਨ-ਹੋਮ ਸਪੋਰਟਿਵ ਸਰਵਿਸਿਜ਼ (ਆਈ.ਐੱਚ.ਐੱਸ.ਐੱਸ.), ਬੱਚੇ ਜਾਂ ਪਤੀ/ਪਤਨੀ ਲਈ ਸਹਾਇਤਾ; ਸਮਾਜਕ ਸੁਰੱਖਿਆ; ਪੂਰਕ ਸੁਰੱਖਿਆ ਆਮਦਨੀ/ਰਾਜਕੀ ਪੂਰਕ ਭੁਗਤਾਨ (ਐੱਸ.ਐੱਸ.ਆਈ./ਐੱਸ.ਐੱਸ.ਪੀ.); ਬੇਰੁਜ਼ਗਾਰੀ/ਅਪਾਹਜਤਾ ਬੀਮਾ; ਕਰਮਚਾਰੀ ਮੁਆਵਜ਼ਾ; ਕਿਸੇ ਹੋਰ ਕਿਸਮ ਦੀ ਅਪਾਹਜਤਾ ਜਾਂ ਸੇਵੀ-ਨਿਵਿਰਤੀ; ਲਾਟਰੀ 'ਚ ਜਿੱਤੀ ਗਈ ਰਕਮ; ਬੀਮਾ ਜਾਂ ਕਨੂੰਨੀ ਸਮਝੌਤੇ; ਕਿਰਾਏਦਾਰੀ ਤੋਂ ਆਮਦਨੀ ਜਾਂ ਸਹਾਇਤਾ; ਮੁਫਤ ਰਿਹਾਇਸ਼/ਉਪਯੋਗੀ ਸੇਵਾਵਾਂ/ਕਪੜੇ/ਭੋਜਨ; ਜਾਂ ਕੁਝ ਹੋਰ। ਰਕਮ ਪ੍ਰਾਪਤ ਕਰਨ ਵਾਲੇ ਵਿਅਕਤੀ(ਆਂ) ਦਾ ਨਾਂ, ਰਕਮ ਪ੍ਰਾਪਤ ਹੋਣ ਦੀ ਥਾਂ, ਵਿਅਕਤੀ(ਆਂ) ਨੂੰ ਸੱਚਮੁੱਚ ਰਕਮ ਪ੍ਰਾਪਤ ਹੋਣ ਦੀ ਮਿਤੀ, ਅਤੇ ਉਨ੍ਹਾਂਨੂੰ ਪ੍ਰਾਪਤ ਹੋਈ ਸੰਪੂਰਨ ਰਕਮ (ਇਹ ਟੈਕਸ ਜਾਂ ਕਟੌਤੀਆਂ ਤੋਂ ਪਹਿਲਾਂ ਦੀ ਰਕਮ ਹੁੰਦੀ ਹੈ) ਲਿੱਖੋ। ਚੈੱਕ ਦੀ ਪਰਚੀ, ਮਾਲਕ ਤੋਂ ਪ੍ਰਾਪਤ ਹੋਏ ਚੈੱਕਾਂ ਜਾਂ ਚਿੱਠੀਆਂ ਦੀਆਂ ਕਾਪੀਆਂ, ਤੁਹਾਨੂੰ ਰਕਮ ਦੇਣ ਵਾਲੀ ਏਜੰਸੀ ਤੋਂ ਇਨਾਮੀ ਖਤ ਜਿਹੇ ਪ੍ਰਮਾਣ ਨੱਥੀ ਕਰੋ। ਜੇਕਰ ਤੁਸੀਂ ਸਵੈ-ਰੁਜ਼ਗਾਰੀ ਹੋ, ਅਤੇ ਤੁਸੀਂ ਵਾਸਤਵਕ ਖਰਚਿਆਂ ਲਈ ਦਾਹਵਾ ਕਰਨਾ ਚਾਹੁੰਦੇ ਹੋ, ਤਾਂ ਇਕ ਵੱਖਰੇ ਪੰਨੇ 'ਤੇ ਸਭ ਵਪਾਰਕ ਖਰਚੇ ਲਿੱਖੋ। ਰਸੀਦਾਂ ਜਾਂ ਭੁਗਤਾਨ ਕੀਤੇ ਗਏ ਬਿੱਲਾਂ ਜਿਹੇ ਪ੍ਰਮਾਣ, ਆਦਿ ਨੱਥੀ ਕਰੋ। ਜੇਕਰ ਤੁਸੀਂ ਆਪਣੀ ਪ੍ਰਮਾਣਤ ਆਮਦਨੀ 'ਚ 40 ਫੀਸਦੀ ਦੀ ਮਾਨਕ ਕਟੌਤੀ ਦੀ ਵਰਤੋਂ ਰਾਹੀਂ ਆਪਣੇ ਵਪਾਰਕ ਖਰਚਿਆਂ ਦਾ ਹਿਸਾਬ ਲਗਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ ਵਪਾਰਕ ਖਰਚੇ ਲਿੱਖਣ ਦੀ ਲੋੜ ਨਹੀਂ ਹੈ।

①a ਕੰਮ ਕਰਨ ਜਾਂ ਪਰਸ਼ਿੱਕਸ਼ਣ ਪ੍ਰਾਪਤ ਕਰਨ ਵਾਲੇ ਕਿਸੇ ਵਿਅਕਤੀ ਦਾ ਨਾਂ, ਥਾਂ, ਅਤੇ ਮਹੀਨੇ 'ਚ ਕੁੱਲ ਘੰਟੇ ਲਿੱਖੋ।

①b ਕੋਈ ਆਮਦਨੀ ਜਾਂ ਰਕਮ, ਜਮਾ ਕਰਾਉਣ ਦੇ ਮਹੀਨੇ ਤੋਂ ਬਾਦ ਅਗਲੇ ਤਿੰਨ ਮਹੀਨਿਆਂ 'ਚ ਬਦਲਾਵ ਹੋਣ ਦੀ ਤੁਹਾਨੂੰ ਉਮੀਦ ਹੋਵੇ। ਕਿਸੇ ਅਜਿਹੇ ਵਿਅਕਤੀ ਦਾ ਨਾਂ ਜਿਸਦੀ ਆਮਦਨੀ ਜਾਂ ਰਕਮ 'ਚ ਬਦਲਾਵ ਹੋਵੇਗਾ, ਸਰੋਤ, ਉਸ 'ਚ ਬਦਲਾਵ ਹੋਣ ਦਾ ਕਾਰਨ, ਅਤੇ ਹਰ ਮਹੀਨੇ ਦੀ ਕੁੱਲ ਸੰਪੂਰਨ ਰਕਮ ਲਿੱਖੋ। ਪ੍ਰਮਾਣ ਨੱਥੀ ਕਰੋ।

② ਜੇਕਰ ਅਜਿਹੇ ਕਿਸੇ ਵਿਅਕਤੀ ਦੇ ਚਿਕਿਤਸੀ ਖਰਚਿਆਂ ਦਾ ਭੁਗਤਾਨ ਕੀਤਾ ਜਾਂਦਾ ਹੈ ਜੋ ਫੂਡ ਸਟੈਂਪਸ ਪ੍ਰਾਪਤ ਕਰਦਾ ਹੈ ਅਤੇ ਅਪਾਹਜ ਹੈ ਜਾਂ ਉਸਦੀ ਉਮਰ 60 ਸਾਲ ਜਾਂ ਵੱਧ ਹੈ, ਤਾਂ ਭੁਗਤਾਨ ਕਰਨ ਵਾਲੇ ਵਿਅਕਤੀ, ਚਿਕਿਤਸੀ ਦੇਖਭਾਲ ਪ੍ਰਾਪਤ ਕਰਨ ਵਾਲੇ ਵਿਅਕਤੀ ਦਾ ਨਾਂ, ਅਤੇ ਉਸ ਦੁਆਰਾ ਭੁਗਤਾਨ ਕੀਤੀ ਗਈ ਰਕਮ ਲਿੱਖੋ। ਭੁਗਤਾਨ ਦਾ ਪ੍ਰਮਾਣ ਨੱਥੀ ਕਰੋ।

③ ਜੇਕਰ ਫੂਡ ਸਟੈਂਪਸ ਪ੍ਰਾਪਤ ਕਰ ਰਹੇ ਕਿਸੇ ਵਿਅਕਤੀ ਨੇ ਨੌਕਰੀ ਦੇ ਦੌਰਾਨ, ਨੌਕਰੀ ਲੱਭਦੇ ਹੋਏ, ਜਾਂ ਰਿਪੋਰਟ ਦੇਣ ਦੇ ਮਹੀਨੇ ਦੇ ਦੌਰਾਨ ਸਕੂਲ ਜਾਂ ਪਰਸ਼ਿੱਕਸ਼ਣ 'ਚ ਰਹਿੰਦੇ ਹੋਏ, ਕਿਸੇ ਬੱਚੇ, ਅਪਾਹਜ ਵਿਅਕਤੀ ਜਾਂ ਕਿਸੇ ਹੋਰ ਆਸਰਤ ਦੀ ਦੇਖਭਾਲ ਲਈ ਭੁਗਤਾਨ ਕੀਤਾ ਹੈ, ਤਾਂ ਭੁਗਤਾਨ ਕਰਨ ਵਾਲੇ ਵਿਅਕਤੀ, ਦੇਖਭਾਲ ਪ੍ਰਾਪਤ ਕਰਨ ਵਾਲੇ ਵਿਅਕਤੀ ਦਾ ਨਾਂ ਅਤੇ ਉਸ ਦੁਆਰਾ ਭੁਗਤਾਨ ਕੀਤੀ ਗਈ ਰਕਮ ਲਿੱਖੋ। ਭੁਗਤਾਨ ਦਾ ਪ੍ਰਮਾਣ ਨੱਥੀ ਕਰੋ।

④ ਜੇਕਰ ਫੂਡ ਸਟੈਂਪਸ ਪ੍ਰਾਪਤ ਕਰ ਰਹੇ ਕਿਸੇ ਵਿਅਕਤੀ ਨੇ ਅਦਾਲਤੀ ਫ਼ੈਸਲੇ ਦੇ ਮੁਤਾਬਕ ਬੱਚੇ ਦੇ ਪਾਲਣ ਪੋਸਣ ਲਈ ਭੁਗਤਾਨ ਕੀਤਾ ਹੈ, ਤਾਂ ਭੁਗਤਾਨ ਕਰਨ ਵਾਲੇ ਵਿਅਕਤੀ ਦਾ ਨਾਂ ਅਤੇ ਉਸ ਦੁਆਰਾ ਭੁਗਤਾਨ ਕੀਤੀ ਗਈ ਰਕਮ ਲਿੱਖੋ। ਭੁਗਤਾਨ ਦਾ ਪ੍ਰਮਾਣ ਨੱਥੀ ਕਰੋ।

⑤ ਜੇਕਰ ਜਮ੍ਹਾਂ ਕਰਨ ਦੇ ਮਹੀਨੇ ਤੋਂ ਬਾਅਦ ਅਗਲੇ ਤਿੰਨ ਮਹੀਨਿਆਂ 'ਚ ਸਵਾਲ 2, 3, ਅਤੇ 4 'ਚ ਦਿੱਤੇ ਗਏ ਖਰਚਿਆਂ 'ਚ ਬਦਲਾਵ ਹੋਵੇਗਾ, ਤਾਂ 60 ਸਾਲ ਜਾਂ ਵੱਧ ਉਮਰ ਦੇ ਕਿਸੇ ਵਿਅਕਤੀ; ਬੱਚੇ/ਆਸਰਤ ਦੀ ਦੇਖਭਾਲ; ਅਤੇ ਬੱਚੇ ਦੇ ਪਾਲਣ ਪੋਸਣ ਲਈ ਚਿਕਿਤਸੀ ਖਰਚੇ ਲਿੱਖੋ। ਭੁਗਤਾਨ ਕਰਨ ਵਾਲੇ ਵਿਅਕਤੀ ਦਾ ਨਾਂ, ਉਸ ਦੁਆਰਾ ਭੁਗਤਾਨ ਕੀਤੀ ਗਈ ਰਕਮ, ਦੇਖਭਾਲ ਪ੍ਰਾਪਤ ਕਰਨ ਵਾਲੇ ਵਿਅਕਤੀ ਜਾਂ ਮਦਦ ਪ੍ਰਾਪਤ ਕਰਨ ਵਾਲੇ ਬੱਚੇ ਦਾ ਨਾਂ, ਬਦਲਾਵ, ਅਤੇ ਬਦਲਾਵ ਦਾ ਸਮਾਂ ਲਿੱਖੋ। ਭੁਗਤਾਨ ਦਾ ਪ੍ਰਮਾਣ ਨੱਥੀ ਕਰੋ।

ਭਾਗ 2: ਸਵਾਲ 6 ਤੋਂ 9 ਇਸ ਬਾਰੇ ਹਨ ਕਿ ਤੁਹਾਡੀ ਪਿੱਛਲੀ ਤਿਮਾਹੀ ਰਿਪੋਰਟ ਤੋਂ ਬਾਅਦ ਕੀ ਹੋਇਆ ਹੈ।

⑥ ਹੇਠ ਦਿੱਤੀਆਂ ਗਈਆਂ ਸੰਪੱਤੀਆਂ 'ਚੋਂ ਕਿਸੇ ਸੰਪੱਤੀ ਨੂੰ ਪ੍ਰਾਪਤ ਕਰਨ, ਖਰੀਦਣ, ਵੇਚਣ, ਸੌਦਾ ਕਰਨ ਜਾਂ ਦਾਨ ਕਰਨ ਵਾਲਾ ਕੋਈ ਵਿਅਕਤੀ: ਜ਼ਮੀਨ, ਘਰ, ਗੱਡੀਆਂ, ਬੈਂਕ ਖਾਤੇ, ਰਕਮ ਸਬੰਧੀ ਭੁਗਤਾਨ (ਲਾਟਰੀ ਜਾਂ ਜੂਏਖਾਨੇ 'ਚ ਜਿੱਤੀ ਗਈ ਰਕਮ, ਪੂਰਵ ਪਰਭਾਵੀ ਸਮਾਜਕ ਸੁਰੱਖਿਆ, ਕਰ ਦੀਆਂ ਮੁੜ ਅਦਾਇਗੀਆਂ), ਆਦਿ। ਸੰਪੱਤੀ ਦਾ ਮੌਜੂਦਾ ਜਾਂ ਪਿੱਛਲੇ ਮਾਲਕ, ਸੰਪੱਤੀ ਦੀ ਕਿਸਮ, ਬਦਲਾਵ ਦਾ ਸਮਾਂ, ਸੰਪੱਤੀ ਦੀ ਕੀਮਤ, ਅਤੇ ਇਹ ਲਿੱਖੋ ਕਿ ਕੀ ਹੋਇਆ ਸੀ। ਪ੍ਰਮਾਣ ਨੱਥੀ ਕਰੋ।

⑦ ਤੁਹਾਡੇ ਘਰ 'ਚ ਕਿਸੇ ਵਿਅਕਤੀ ਦਾ ਆਉਣਾ ਜਾਂ ਬਾਹਰ ਜਾਣਾ ਜਾਂ ਤੁਹਾਡਾ ਕਿਸੇ ਹੋਰ ਵਿਅਕਤੀ ਦੇ ਘਰ 'ਚ ਜਾਣਾ। ਇਸ 'ਚ ਸ਼ਾਮਲ ਹਨ: ਨਵੇਂ ਜਣਮੇ ਬੱਚੇ; ਅਸਥਾਈ ਤੌਰ 'ਤੇ ਤੁਹਾਡੇ ਘਰ ਤੋਂ ਗੈਰ-ਹਾਜ਼ਰ ਕੋਈ ਵਿਅਕਤੀ; ਕੋਈ ਵਿਅਕਤੀ ਜਿਸਦੀ ਮਿਰਤੂ ਹੋਈ ਹੋਵੇ, ਹਸਪਤਾਲ ਜਾਂ ਸੰਸਥਾਨ (ਇਕ ਤਾਜ਼ੀਰੀ ਸੰਸਥਾਨ ਸਮੇਤ) 'ਚ ਦਾਖਲਾ ਲੈਣ ਜਾਂ ਛੱਡਣ ਵਾਲਾ ਕੋਈ ਵਿਅਕਤੀ, ਆਦਿ। ਆਉਣ ਵਾਲੇ ਵਿਅਕਤੀ ਦਾ ਨਾਂ ਜਾਂ ਜਿਸ ਵਿਅਕਤੀ ਕੋਲ ਤੁਸੀਂ ਗਏ ਹੋ ਉਸਦਾ ਨਾਂ, ਤੁਹਾਡੇ ਨਾਲ ਉਸਦਾ ਸਬੰਧ, ਘਟਨਾ ਅਤੇ ਉਸ ਘਟਨਾ ਦੀ ਮਿਤੀ ਲਿੱਖੋ।

⑧ ਤੁਹਾਡੇ ਘਰ 'ਚ ਕੋਈ ਵਿਅਕਤੀ ਜਿਸਨੂੰ ਨਸ਼ੀਲੀ ਦਵਾਈ(ਆਂ) ਦੇ ਕਬਜ਼ੇ, ਵਰਤੋਂ, ਜਾਂ ਵਿਤਰਣ ਲਈ ਨਸ਼ੀਲੀ ਦਵਾਈਆਂ ਨਾਲ ਸਬੰਧਤ ਕਿਸੇ ਸੰਗੀਨ ਜੁਰਮ ਲਈ ਸਜ਼ਾ ਸੁਣਾਈ ਗਈ ਹੋਵੇ, ਜਾਂ ਜੋ ਕਿਸੇ ਸੰਗੀਨ ਜੁਰਮ ਲਈ ਮੁਕੱਦਮੇ, ਸਜ਼ਾ ਸੁਣਾਏ ਜਾਣ ਤੋਂ ਬਾਅਦ ਹਿਰਾਸਤ ਜਾਂ ਕੈਦ ਤੋਂ ਬਚਣ ਲਈ ਕਨੂੰਨ ਤੋਂ ਬੱਚ ਜਾਂ ਦੂਰ ਨੱਸ ਰਿਹਾ ਹੋਵੇ, ਜਾਂ ਜਾਂਚ ਜਾਂ ਪੈਰੋਲ ਦੀ ਉਲੰਘਣਾ ਕਰ ਰਿਹਾ ਹੋਵੇ। ਵਿਅਕਤੀ ਦਾ ਨਾਂ, ਸਜ਼ਾ ਸੁਣਾਉਣ ਦੀ ਥਾਂ, ਅਤੇ ਸਜ਼ਾ ਸੁਣਾਉਣ ਦੀ ਮਿਤੀ ਲਿੱਖੋ। ਜੇਕਰ ਕਿਸੇ ਪਿੱਛਲੀ ਤਿਮਾਹੀ ਰਿਪੋਰਟ 'ਚ ਤੁਸੀਂ ਕਾਉਂਟੀ ਨੂੰ ਪਹਿਲਾਂ ਜਾਣਕਾਰੀ ਦਿੱਤੀ ਹੈ, ਤਾਂ ਹਰ ਤਿਮਾਹੀ 'ਚ ਤੁਹਾਨੂੰ ਉਹੀ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ।

⑨ ਦੂਜੇ ਤੱਥ ਜੋ ਤੁਹਾਡੀ ਯੋਗਤਾ ਜਾਂ ਤੁਹਾਡੇ ਫਾਇਦਿਆਂ ਦੀ ਸੰਖਿਆਂ 'ਚ ਬਦਲਾਵ ਕਰ ਸਕਦੇ ਹਨ: ਵਿਆਹ ਕਰਨਾ, ਤਲਾਕ ਲੈਣਾ, ਵੱਖਰਾ ਹੋਣਾ, ਕੈਲੀਫੋਰਨੀਆ ਘਰੇਲੂ ਸਾਂਝਦਾਰੀ (ਡੀ.ਪੀ.), ਕਿਸੇ ਹੋਰ ਰਾਜ ਦੀ ਡੀ.ਪੀ., ਸਮਾਪਤ ਹੋ ਚੱਕੀ ਡੀ.ਪੀ., ਗਰਭਵਤੀ ਹੋਣਾ, ਬੱਚੇ ਨੂੰ ਜਨਮ ਦੇਣਾ, ਗਰਭਵਤੀ ਨਾ ਰਹਿਣਾ, ਅਪਾਹਜ ਹੋਣਾ ਜਾਂ ਅਪਾਹਜਤਾ/ਵੱਡੀ ਬਿਮਾਰੀ ਤੋਂ ਚੰਗਾ ਹੋਣਾ; ਕੰਮ ਦੀ ਸ਼ੁਰੂਆਤ ਜਾਂ ਸਮਾਪਤੀ, ਕੰਮ ਜਾਂ ਪਰਸ਼ਿੱਕਸ਼ਣ ਤੋਂ ਇਨਕਾਰ, ਕੰਮ ਜਾਂ ਪਰਸ਼ਿੱਕਸ਼ਣ ਦੇ ਘੰਟਿਆਂ 'ਚ ਬਦਲਾਵ, ਹੜਤਾਲ ਕਰਨਾ; ਨਾਗਰਕਤਾ ਜਾਂ ਆਵਾਸ ਦੀ ਸਥਿਤੀ 'ਚ ਬਦਲਾਵ ਜਾਂ ਯੂ.ਐੱਸ.ਸੀ.ਆਈ.ਐੱਸ. ਤੋਂ ਨਵੇਂ ਦਸਤਾਵੇਜ਼ਾਂ ਦੀ ਪ੍ਰਾਪਤੀ; ਸਿਹਤ, ਮੈਡੀਕੇਅਰ, ਦੰਤੀ, ਜਾਂ ਜੀਵਨ ਬੀਮਾ ਸਬੰਧੀ ਫਾਇਦਿਆਂ ਦੀ ਸ਼ੁਰੂਆਤ, ਸਮਾਪਤੀ, ਜਾਂ ਬਦਲਾਵ; ਤੁਹਾਡੇ ਬੱਚਿਆਂ ਦੀ ਦੇਖਭਾਲ ਜਾਂ ਸਪੁਰਦਗੀ ਤੇ ਸਮੇਂ 'ਚ ਕੋਈ ਬਦਲਾਵ; ਇਨ-ਹੋਮ ਸਪੋਰਟਿਵ ਸਰਵਿਸਿਜ਼ ਦੀ ਸ਼ੁਰੂਆਤ ਜਾਂ ਸਮਾਪਤੀ; 6 - 18 ਸਾਲ ਦੀ ਉਮਰ ਦੇ ਕਿਸੇ ਵਿਦਿਆਰਥੀ ਦੁਆਰਾ ਨਿਯਮਿਤ ਤੌਰ 'ਤੇ ਸਕੂਲ 'ਚ ਹਾਜ਼ਰ ਰਹਿਣਾ ਬੰਦ ਜਾਂ ਸ਼ੁਰੂ ਕਰਨਾ; 16 ਸਾਲ ਜਾਂ ਵੱਧ ਉਮਰ ਦੇ ਕਿਸੇ ਵਿਅਕਤੀ ਵਿਦਿਆਰਥੀ ਦੁਆਰਾ ਸਕੂਲ/ਕਾੱਲੇਜ 'ਚ ਹਾਜ਼ਰ ਰਹਿਣਾ ਬੰਦ ਜਾਂ ਸ਼ੁਰੂ ਕਰਨਾ।

ਵਧੇਰੀ ਜਾਣਕਾਰੀ ਲਈ ਦੂਜਾ ਪਾਸਾ ਵੇਖੋ

ਪਤੇ 'ਚ ਬਦਲਾਵ

ਆਪਣੇ ਪਤੇ ਜਾਂ ਫੋਨ ਨੰਬਰ 'ਚ ਕਿਸੇ ਬਦਲਾਵ ਬਾਰੇ ਸਾਨੂੰ ਤੱਥ ਦਿਓ। ਜੇਕਰ ਤੁਸੀਂ ਫੂਡ ਸਟੈਂਪਸ ਪ੍ਰਾਪਤ ਕਰ ਰਹੇ ਹੋ ਤਾਂ ਤੁਹਾਨੂੰ ਕਿਰਾਏ ਅਤੇ ਉਪਯੋਗੀ ਸੇਵਾਵਾਂ ਜਿਹੇ ਨਵੇਂ ਰਿਹਾਇਸ਼ੀ ਖਰਚਿਆਂ ਦਾ ਪ੍ਰਮਾਣ ਦੇਣ ਲਈ ਕਿਹਾ ਜਾ ਸਕਦਾ ਹੈ। ਜੇਕਰ ਸਥਾਨਅੰਤਰਨ ਕਰਕੇ ਤੁਹਾਡੇ ਰਿਹਾਇਸ਼ੀ ਖਰਚੇ ਵੱਧ ਗਏ ਹਨ ਤਾਂ ਨਵੀਂ ਰਕਮ ਲਿੱਖਣਾ ਨਾ ਭੁੱਲੋ।

ਕਯੂ.ਆਰ. 7 'ਤੇ ਕਿਸਨੂੰ ਹਸਤਾਖਰ ਕਰਨੇ ਚਾਹੀਦੇ ਹਨ

- **ਨਕਦ ਸਹਾਇਤਾ ਲਈ:** ਤੁਸੀਂ ਅਤੇ ਤੁਹਾਡੇ ਸਹਾਇਤਾ-ਪ੍ਰਾਪਤ ਪਤੀ/ਪਤਨੀ, ਪੰਜੀਕ੍ਰਿਤ ਘਰੇਲੂ ਸਾਥੀ, ਅਤੇ ਸਹਾਇਤਾ-ਪ੍ਰਾਪਤ ਬੱਚੇ(ਬੱਚਿਆਂ) ਦੀ ਮਾਤਾ/ਪਿਤਾ, ਜੇਕਰ ਉਹ ਤੁਹਾਡੇ ਘਰ 'ਚ ਰਹਿੰਦੇ ਹਨ।
- **ਫੂਡ ਸਟੈਂਪਸ ਲਈ:** ਪਰਵਾਰ ਦਾ ਮੁਖੀਆ, ਪਰਵਾਰ ਦਾ ਕੋਈ ਬਾਲਗ ਸਦੱਸ ਜਾਂ ਪਰਵਾਰ ਦਾ ਅਧਿਕ੍ਰਿਤ ਨੁਮਾਇੰਦਾ।
- **ਅਤੇ:** ਰਿਪੋਰਟ ਭਰਨ ਵਾਲਾ ਕੋਈ ਹੋਰ ਵਿਅਕਤੀ, ਦੁਭਾਸ਼ੀਆ ਜਾਂ ਤੁਹਾਡੇ ਨਿਸ਼ਾਨ ਦਾ ਗਵਾਹ।

ਇਹ ਕਹਿਣ 'ਤੇ ਸਾਡਾ ਕੀ ਮਤਲਬ ਹੁੰਦਾ ਹੈ

ਕਿਸੇ ਮੁਕੱਦਮੇ, ਹਿਰਾਸਤ ਜਾਂ ਕੈਦ ਤੋਂ ਬਚਣ ਲਈ ਕਨੂੰਨ ਤੋਂ ਬੱਚਣਾ ਜਾਂ ਦੂਰ ਨੱਸਣਾ: ਜੇਕਰ ਕਿਸੇ ਵਿਅਕਤੀ ਦੇ ਖਿਲਾਫ ਗਰਿਫਤਾਰੀ ਦਾ ਵਾਰੰਟ ਜਾਰੀ ਕਰ ਦਿੱਤਾ ਗਿਆ ਹੋਵੇ ਅਤੇ ਤੱਥਾਂ ਦੇ ਮੁਤਾਬਕ ਉਹ ਵਿਅਕਤੀ ਇਹ ਜਾਣਦਾ ਹੋਵੇ ਜਾਂ ਉਸ ਲਈ ਇਹ ਜਾਣਨਾ ਜ਼ਰੂਰੀ ਹੋਵੇ ਕਿ ਕਨੂੰਨ ਉਸਦੀ ਤਲਾਸ਼ ਕਰ ਰਿਹਾ ਹੈ।

ਨਕਦ ਸਹਾਇਤਾ: ਕੈਲਵਰਕਸ (ਕੈਲੀਫੋਰਨੀਆ ਵਰਕ ਐਪਰਚਯੂਨਿਟੀ ਐਂਡ ਰਿਸਪੌਂਸਿਬਿਲਿਟੀ ਟੂ ਕਿਡਜ਼) ਅਤੇ ਪਨਾਹਗੀਰ ਨਕਦ ਸਹਾਇਤਾ।

ਨਸ਼ੀਲੀ ਦਵਾਈ: ਕੋਈ ਦਵਾਈ, ਜਿਸ 'ਚ ਨਸ਼ੀਲੀ ਦਵਾਈਆਂ, ਉਤੇਜਕ ਔਸ਼ਧੀਆਂ, ਅਵਸਾਦਕ, ਭਰਾਂਤੀ ਉਤਪਾਦਕ ਅਤੇ ਮੈਰੀਜੁਆਨਾ ਸ਼ਾਮਲ ਹਨ ਪਰ ਇਨ੍ਹਾਂ ਤਕ ਸੀਮਤ ਨਹੀਂ ਹਨ, ਸੰਘੀ ਜਾਂ ਰਾਜਕੀ ਕਨੂੰਨ ਦੁਆਰਾ ਜਿਸਦੀ ਉਪਲਬਧਤਾ 'ਤੇ ਪਾਬੰਦੀ ਹੋਵੇ।

ਸੰਪੂਰਨ ਕਯੂ.ਆਰ. 7: ਇਕ ਕਯੂ.ਆਰ. 7 ਸਿਰਫ ਤਾਂ ''ਸੰਪੂਰਨ' ' ਹੁੰਦੀ ਹੈ ਜਦੋਂ:

- ਸਭ ਹਾਂ/ਨਹੀਂ ਸਵਾਲਾਂ ਦੇ ਜਵਾਬ ਦਿੱਤੇ ਜਾ ਚੁੱਕੇ ਹੋਣ, ਅਤੇ
- ਸਭ ਜਾਣਕਾਰੀ ਭਰ ਦਿੱਤੀ ਜਾ ਚੁੱਕੀ ਹੋਵੇ, ਅਤੇ
- ਫਾਰਮ 'ਚ ਪ੍ਰਮਾਣ ਮੰਗੇ ਜਾਣ 'ਤੇ ਉਹ ਨੱਥੀ ਕੀਤਾ ਗਿਆ ਹੋਵੇ, ਅਤੇ
- ਫਾਰਮ 'ਤੇ ਸਭ ਜ਼ਰੂਰੀ ਹਸਤਾਖਰ ਕੀਤੇ ਗਏ ਹੋਣ, ਅਤੇ
- ਰਿਪੋਰਟ ਦੇਣ ਦੇ ਮਹੀਨੇ ਦੇ ਅੰਤਮ ਦਿਨ ਤੋਂ ਬਾਅਦ ਫਾਰਮ ਹਸਤਾਖਰਤ ਅਤੇ ਮਿਤੀਯੁਕਤ ਹੋਵੇ।

ਅਦਾਲਤੀ ਫ਼ੈਸਲੇ ਦੇ ਮੁਤਾਬਕ ਬੱਚੇ ਦਾ ਪਾਲਣ ਪੋਸਣ: ਕਿਸੇ ਕਨੂੰਨੀ ਦਸਤਾਵੇਜ਼ ਜਾਂ ਅਦਾਲਤ ਦੇ ਮੁਤਾਬਕ ਤੁਹਾਨੂੰ ਆਪਣੇ ਘਰ 'ਚ ਗੈਰ-ਹਾਜ਼ਰ ਕਿਸੇ ਬੱਚੇ ਲਈ ਕਿਸੇ ਵਿਅਕਤੀ ਨੂੰ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਸੌਤੇਲੀ ਮਾਤਾ/ਪਿਤਾ ਦੁਆਰਾ ਕੀਤੇ ਗਏ ਭੁਗਤਾਨ ਸ਼ਾਮਲ ਕਰੋ।

ਸੰਪੂਰਨ ਰਕਮ: ਕਰ, ਸਮਾਜਕ ਸੁਰੱਖਿਆ, ਆਦਿ ਲਈ ਕਟੌਤੀਆਂ ਕਰਨ ਤੋਂ ਪਹਿਲਾ ਤੁਹਾਡੇ ਪੇਚੈੱਕ ਦੀ ਰਕਮ।

ਜਾਂਚ ਜਾਂ ਪੈਰੋਲ ਦੀ ਉਲੰਘਣਾ ਕਰਨਾ: ਜਾਂਚ ਜਾਂ ਪੈਰੋਲ ਰੱਦ ਕਰ ਦਿੱਤਾ ਗਿਆ ਸੀ ਜਾਂ ਗਰਿਫਤਾਰੀ ਦਾ ਵਾਰੰਟ ਜਾਰੀ ਕੀਤਾ ਗਿਆ ਸੀ। ਅਸਲ ਅਪਰਾਧ ਜਿਸ ਲਈ ਜਾਂਚ ਜਾਂ ਪੈਰੋਲ ਦਾ ਹੁਕਮ ਦਿੱਤਾ ਗਿਆ ਸੀ ਇਕ ਸੰਗੀਨ ਜੁਰਮ ਜਾਂ ਬਦਤਮੀਜ਼ੀ ਹੋ ਸਕਦੀ ਹੈ।

ਰਿਪੋਰਟ ਭੇਜਣ ਦਾ ਮਹੀਨਾ: ਕਯੂ.ਆਰ. 7 ਦੇ ਭਾਗ 1 'ਚ ਦਰਸ਼ਾਇਆ ਗਿਆ ਮਹੀਨਾ।
ਜਮ੍ਹਾਂ ਕਰਨ ਦਾ ਮਹੀਨਾ: ਕਯੂ.ਆਰ. 7 ਦੇ ਉੱਪਰੀ ਹਿੱਸੇ 'ਚ ਸਿਰਲੇਖ 'ਚ ਦਰਸ਼ਾਇਆ ਗਿਆ ਮਹੀਨਾ।

ਪ੍ਰਮਾਣੀਕਰਨ ਭਾਗ

- ਤੁਹਾਨੂੰ ਕਯੂ.ਆਰ. 7 ਦੇ ''ਸੌਂਗੰਧ ਤੋੜਨ ਲਈ ਦੰਡ ਹੇਠ' ' 'ਤੇ ਹਸਤਾਖਰ ਕਰਨੇ ਪੈਣਗੇ। ਇਸਦਾ ਮਤਲਬ ਇਹ ਹੈ ਕਿ ਤੁਸੀਂ ਹਲਫ ਹੇਠ ਸੌਂਗੰਧ ਚੁੱਕਦੇ ਹੋ ਕਿ ਤੁਹਾਡੇ ਦੁਆਰਾ ਸਾਨੂੰ ਦਿੱਤੇ ਗਏ ਤੱਥ ਸੱਚ, ਠੀਕ ਅਤੇ ਸੰਪੂਰਨ ਹਨ।
- ਸੌਂਗੰਧ ਤੋੜਨਾ ਅਤੇ ਧੋਖੇਬਾਜ਼ੀ ਕਨੂੰਨੀ ਤੌਰ 'ਤੇ ਸਜ਼ਾ ਦੇਣ ਯੋਗ ਜੁਰਮ ਹਨ।

ਨਕਦ ਅਤੇ ਕਲਿਆਣ ਸਬੰਧੀ ਧੋਖੇਬਾਜ਼ੀ ਲਈ ਜੁਰਮਾਨੇ: ਜੇਕਰ ਤੁਸੀਂ ਇਰਾਦਤਨ ਨਕਦ ਸਹਾਇਤਾ ਸਬੰਧੀ ਕਨੂੰਨਾਂ ਦੀ ਪਾਲਣਾ ਨਹੀਂ ਕਰਦੇ, ਤਾਂ ਇਕ ਨੀਯਤ ਅਵਧੀ ਲਈ ਤੁਹਾਡੀ ਨਕਦ ਸਹਾਇਤਾ ਘਟਾਈ ਜਾ ਸਕਦੀ ਹੈ ਅਤੇ ਤੁਹਾਨੂੰ $10,000 ਤਕ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ/ਜਾਂ 3 ਸਾਲ ਤਕ ਲਈ ਜੇਲ੍ਹ ਜਾਂ ਹਵਾਲਾਤ ਭੇਜਿਆ ਜਾ ਸਕਦਾ ਹੈ।
ਤੁਹਾਡੀ ਨਕਦ ਸਹਾਇਤਾ ਰੋਕੀ ਜਾ ਸਕਦੀ ਹੈ:

- ਸਭ ਤੱਥਾਂ ਬਾਰੇ ਜਾਣਕਾਰੀ ਨਾ ਦੇਣ ਜਾਂ ਗਲਤ ਤੱਥ ਦੱਸਣ ਲਈ: ਪਹਿਲੀ ਵਾਰ ਉਲੰਘਣਾ ਕਰਨ 'ਤੇ 6 ਮਹੀਨੇ, ਦੂਜੀ ਵਾਰ ਉਲੰਘਣਾ ਕਰਨ 'ਤੇ 12 ਮਹੀਨੇ, ਜਾਂ ਤੀਜੀ ਵਾਰ ਉਲੰਘਣਾ ਕਰਨ 'ਤੇ ਹਮੇਸ਼ਾ ਲਈ।
- ਇਕੋ ਸਮੇਂ 'ਤੇ ਇਕ ਤੋਂ ਵੱਧ ਮਾਮਲਿਆਂ 'ਚ ਸਹਾਇਤਾ ਪ੍ਰਾਪਤ ਕਰਨ ਲਈ ਇਕ ਜਾਂ ਵੱਧ ਅਰਜ਼ੀਆਂ ਦੇਣ ਲਈ: ਪਹਿਲੀ ਵਾਰ ਸਜ਼ਾ ਸੁਣਾਏ ਜਾਣ 'ਤੇ 2 ਸਾਲ, ਦੂਜੀ ਵਾਰ ਸਜ਼ਾ ਸੁਣਾਏ ਜਾਣ 'ਤੇ 4 ਮਹੀਨੇ, ਜਾਂ ਤੀਜੀ ਵਾਰ ਸਜ਼ਾ ਸੁਣਾਏ ਜਾਣ 'ਤੇ ਹਮੇਸ਼ਾ ਲਈ।
- ਸਹਾਇਤਾ ਪ੍ਰਾਪਤ ਕਰਨ ਲਈ ਧੋਖੇਬਾਜ਼ੀ ਦੇ ਸੰਗੀਨ ਜੁਰਮ ਲਈ ਸਜ਼ਾ ਸੁਣਾਉਣ ਲਈ: $2,000 ਤੋਂ ਘੱਟ ਰਕਮ ਦੀ ਚੋਰੀ ਲਈ 2 ਸਾਲ; $2,000 ਤੋਂ ਲੈ ਕੇ $4,999.00 ਤਕ ਰਕਮ ਲਈ 5 ਸਾਲ; ਅਤੇ $5,000 ਜਾਂ ਵੱਧ ਰਕਮ ਲਈ ਹਮੇਸ਼ਾ ਲਈ।
- ਹਮੇਸ਼ਾ ਲਈ: ਇਕੋ ਸਮੇਂ 'ਤੇ ਦੋ ਜਾਂ ਵੱਧ ਕਾਉਂਟੀਆਂ ਜਾਂ ਰਾਜਾਂ 'ਚ ਸਹਾਇਤਾ ਪ੍ਰਾਪਤ ਕਰਨ ਲਈ ਰਿਹਾਇਸ਼ ਦਾ ਨਕਲੀ ਪ੍ਰਮਾਣ ਦੇਣ ਲਈ; ਕਿਸੇ ਅਯੋਗ ਬੱਚੇ ਲਈ ਕਾਉਂਟੀ ਨੂੰ ਗਲਤ ਤੱਥ ਦੱਸਣਾ ਜਾਂ ਕੋਈ ਬੱਚਾ ਮੌਜੂਦ ਨਾ ਹੋਣਾ; ਧੋਖੇਬਾਜ਼ੀ ਰਾਹੀਂ $10,000 ਤੋਂ ਵੱਧ ਨਕਦ ਸਹਾਇਤਾ ਦੀ ਪ੍ਰਾਪਤੀ; ਕਿਸੇ ਅਦਾਲਤੀ ਜਾਂ ਪਰਸ਼ਾਸਨਕ ਸੁਣਵਾਈ ਦੇ ਦੌਰਾਨ ਧੋਖੇਬਾਜ਼ੀ ਲਈ ਤੀਜੀ ਵਾਰ ਸਜ਼ਾ ਸੁਣਾਇਆ ਜਾਣਾ।

ਫੂਡ ਸਟੈਂਪਸ ਸਬੰਧੀ ਧੋਖੇਬਾਜ਼ੀ ਲਈ ਜੁਰਮਾਨੇ: ਜੇਕਰ ਤੁਸੀਂ ਇਰਾਦਤਨ ਫੂਡ ਸਟੈਂਪ ਸਬੰਧੀ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਤਾਂ ਪਹਿਲੀ ਵਾਰ ਉਲੰਘਣਾ ਕਰਨ 'ਤੇ 12 ਮਹੀਨਿਆਂ ਲਈ, ਦੂਜੀ ਵਾਰ ਉਲੰਘਣਾ ਕਰਨ 'ਤੇ 24 ਮਹੀਨਿਆਂ ਲਈ, ਅਤੇ ਤੀਜੀ ਵਾਰ ਉਲੰਘਣਾ ਕਰਨ 'ਤੇ ਹਮੇਸ਼ਾ ਲਈ, ਤੁਹਾਡੀਆਂ ਫੂਡ ਸਟੈਂਪਸ ਬੰਦ ਕੀਤੀਆਂ ਜਾ ਸਕਦੀਆਂ ਹਨ। ਤੁਹਾਨੂੰ $250,000 ਤਕ ਜੁਰਮਾਨਾ ਅਤੇ/ਜਾਂ 20 ਸਾਲਾਂ ਤਕ ਜੇਲ੍ਹ/ਕੈਦ ਹੋ ਸਕਦੀ ਹੈ।

- **ਜੇਕਰ ਕਿਸੇ ਅਦਾਲਤੀ ਜਾਂ ਪਰਸ਼ਾਸਨਕ ਸੁਣਵਾਈ ਦੇ ਦੌਰਾਨ ਤੁਹਾਨੂੰ ਦੋਸ਼ੀ ਪਾਇਆ ਜਾਂਦਾ ਹੈ ਕਿਉਂਕਿ:**
- ਹਥਿਆਰਾਂ, ਬਾਰੂਦ ਜਾਂ ਵਿਸਫੋਟਕਾਂ ਲਈ ਤੁਸੀਂ ਫੂਡ ਸਟੈਂਪਸ ਦਾ ਸੌਦਾ ਜਾਂ ਵਿਕਰੀ ਕੀਤੀ ਸੀ, ਤਾਂ ਪਹਿਲੀ ਵਾਰ ਉਲੰਘਣਾ ਕਰਨ 'ਤੇ ਤੁਹਾਡੀਆਂ ਫੂਡ ਸਟੈਂਪਸ ਹਮੇਸ਼ਾ ਲਈ ਬੰਦ ਕੀਤੀਆਂ ਜਾ ਸਕਦੀਆਂ ਹਨ।
- ਨਸ਼ੀਲੀ ਦਵਾਈਆਂ ਲਈ ਤੁਸੀਂ ਫੂਡ ਸਟੈਂਪਸ ਦਾ ਸੌਦਾ ਜਾਂ ਵਿਕਰੀ ਕੀਤੀ ਸੀ, ਤਾਂ ਪਹਿਲੀ ਵਾਰ ਉਲੰਘਣਾ ਕਰਨ 'ਤੇ 24 ਮਹੀਨਿਆਂ ਲਈ, ਅਤੇ ਦੂਜੀ ਵਾਰ ਉਲੰਘਣਾ ਕਰਨ 'ਤੇ ਹਮੇਸ਼ਾ ਲਈ, ਤੁਹਾਡੀਆਂ ਫੂਡ ਸਟੈਂਪਸ ਬੰਦ ਕੀਤੀਆਂ ਜਾ ਸਕਦੀਆਂ ਹਨ।
- ਤੁਸੀਂ $500 ਤੋਂ ਵੱਧ ਕੀਮਤ ਦੀਆਂ ਫੂਡ ਸਟੈਂਪਸ ਦਾ ਸੌਦਾ ਜਾਂ ਵਿਕਰੀ ਕੀਤੀ ਸੀ, ਤਾਂ ਤੁਹਾਡੀਆਂ ਫੂਡ ਸਟੈਂਪਸ ਹਮੇਸ਼ਾ ਲਈ ਬੰਦ ਕੀਤੀਆਂ ਜਾ ਸਕਦੀਆਂ ਹਨ।
- ਜੇਕਰ ਇਕ ਵਾਰ 'ਚ ਤੁਸੀਂ ਇਕ ਤੋਂ ਵੱਧ ਅਰਜ਼ੀ ਦਿੰਦੇ ਹੋ ਅਤੇ ਤੁਸੀਂ ਕਾਉਂਟੀ ਨੂੰ ਨਕਲੀ ਪਛਾਣ ਜਾਂ ਰਿਹਾਇਸ਼ੀ ਜਾਣਕਾਰੀ ਦਿੱਤੀ ਸੀ, ਤਾਂ ਜੋ ਇਕੋ ਸਮੇਂ 'ਤੇ ਇਕ ਤੋਂ ਵੱਧ ਮਾਮਲਿਆਂ 'ਚ ਤੁਹਾਨੂੰ ਫੂਡ ਸਟੈਂਪਸ ਦੀ ਪ੍ਰਾਪਤੀ ਹੋ ਸਕੇ, ਤੁਹਾਡੀਆਂ ਫੂਡ ਸਟੈਂਪਸ 10 ਸਾਲ ਲਈ ਬੰਦ ਕੀਤੀਆਂ ਜਾ ਸਕਦੀਆਂ ਹਨ।

ਇਹ ਨਾ ਭੁੱਲੋ:

- **ਤੁਹਾਡੀ ਰਿਪੋਰਟ ਲੰਬਤ, ਅਧੂਰੀ ਜਾਂ ਜਮਾ ਨਾ ਹੋਣ 'ਤੇ, ਤੁਹਾਡੇ ਫਾਇਦੇ ਲੰਬਤ, ਪਰਿਵਰਤਿਤ ਜਾਂ ਬੰਦ ਕੀਤੇ ਜਾ ਸਕਦੇ ਹਨ।**
- **ਜਮਾ ਕਰਦੇ ਹੋਏ ਰਿਪੋਰਟ ਅਧੂਰੀ ਹੋਣ 'ਤੇ, ਤੁਹਾਨੂੰ ਉਹ ਦੁਬਾਰਾ ਪੂਰੀ ਕਰਨ ਲਈ ਕਿਹਾ ਜਾਵੇਗਾ।**
- **ਜੇਕਰ ਤੁਸੀਂ ਰਿਪੋਰਟ ਭੇਜਣ ਦੇ ਮਹੀਨੇ ਅੰਤਮ ਦਿਨ ਤੋਂ ਪਹਿਲਾਂ ਆਪਣੀ ਰਿਪੋਰਟ 'ਤੇ ਹਸਤਾਖਰ ਕਰ ਕੇ ਮਿਤੀ ਪਾਉਂਦੇ ਹੋ, ਤਾਂ ਤੁਹਾਨੂੰ ਉਸਤੇ ਦੁਬਾਰਾ ਹਸਤਾਖਰ ਕਰ ਕੇ ਮਿਤੀ ਪਾਉਣ ਲਈ ਕਿਹਾ ਜਾਵੇਗਾ।**
- **ਜੇਕਰ ਤੁਸੀਂ ਰਿਪੋਰਟ ਭੇਜਣ ਦੇ ਤਰੀਕੇ, ਰਿਪੋਰਟ ਦੇ ਮਜ਼ਮੂਨ ਜਾਂ ਭੇਜੇ ਜਾਣ ਵਾਲੇ ਪ੍ਰਮਾਣ ਬਾਰੇ ਯਕੀਨੀ ਨਾ ਹੋਵੋ, ਤਾਂ ਆਪਣੇ ਕਾਰਜਕਰਤਾ ਨੂੰ ਪੁੱਛੋ।**
- **ਤੁਹਾਡੀ ਨਕਦ ਸਹਾਇਤਾ ਸਮਾਪਤ ਹੋਣ ਤੋਂ ਬਾਅਦ ਵੀ ਤੁਸੀਂ ਫੂਡ ਸਟੈਂਪ ਫਾਇਦਿਆਂ ਲਈ ਯੋਗ ਹੋਵੋਗੇ ਭਾਵੇਂ ਹੁਣ ਤੁਸੀਂ ਨੌਕਰੀ ਕਰਦੇ ਹੋ।**
- **ਤੁਹਾਡੀ ਨਕਦ ਸਹਾਇਤਾ ਸਮਾਪਤ ਹੋਣ ਤੋਂ ਬਾਅਦ ਵੀ ਤੁਸੀਂ ਮੈਡੀ-ਕੈਲ ਹੇਠ ਮੁਫਤ ਜਾਂ ਘੱਟ ਲਾਗਤ ਵਾਲੇ ਸੁਆਸਥ ਬੀਮੇ ਲਈ ਯੋਗ ਹੋ ਸਕਦੇ ਹੋ।**